# ਮੰਗ ਕਰੋ ਕਿ ਤੁਹਾਡੇ ਬੱਚੇ ਨੂੰ ਐੱਫ ਐੱਸ ਏ ਤੋਂ ਬਾਹਰ ਰੱਖਿਆ ਜਾਵੇ

**ਬ੍ਰਿਟਿਸ਼ ਕੋਲੰਬੀਆ ਟੀਚਰਜ਼ ਫੈਡਰੇਸ਼ਨ | 100–550 West 6th Avenue, Vancouver, BC V5Z 4P2**



ਪਿਆਰੇ ਮਾਪਿਓ,

ਬਹੁਤ ਸਾਰੇ ਸਾਲ, ਬੀ ਸੀ ਦੇ ਟੀਚਰਾਂ ਨੇ ਸਾਡੇ ਪੜ੍ਹਾਈ ਦੇ ਸਰਕਾਰੀ ਸਿਸਟਮ ਦੀ ਅਸੈੱਸਮੈਂਟ ਕਰਨ ਦੇ ਤਰੀਕੇ ਲੱਭਣ ਲਈ ਵਿਦਿਅਕ ਭਾਈਵਾਲਾਂ ਨਾਲ ਰਲ ਕੇ ਕੰਮ ਕੀਤਾ ਹੈ, ਜਿਨ੍ਹਾਂ ਤਰੀਕਿਆਂ ਵਿਚ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਸ਼ਾਮਲ ਨਹੀਂ ਹੈ।

ਕੋਵਿਡ-19 ਮਹਾਂਮਾਰੀ ਦੇ ਬਾਵਜੂਦ, ਗਰੇਡ 4 ਅਤੇ 7 ਦੇ ਵਿਦਿਆਰਥੀਆਂ ਲਈ ਸਰਕਾਰ ਵਲੋਂ ਲਾਜ਼ਮੀ ਟੈੱਸਟ 2021 ਦੇ ਸ਼ੁਰੂ ਵਿਚ ਰੱਖੇ ਗਏ ਹਨ। ਟੀਚਰ ਤੁਹਾਨੂੰ ਇਹ ਬੇਨਤੀ ਕਰਨ ਲਈ ਕਹਿ ਰਹੇ ਹਨ ਕਿ ਤੁਹਾਡੇ ਬੱਚਿਆਂ ਨੂੰ ਇਨ੍ਹਾਂ ਟੈੱਸਟਾਂ ਤੋਂ ਬਾਹਰ ਰੱਖਿਆ ਜਾਵੇ। ਸਾਡਾ ਯਕੀਨ ਹੈ ਕਿ ਕੋਵਿਡ-19 ਮਹਾਂਮਾਰੀ ਕਰਕੇ ਇਹ ਕਰਨਾ ਪਹਿਲਾਂ ਕਿਸੇ ਸਮੇਂ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੈ।

ਵਿਦਿਆਰਥੀਆਂ ਨੂੰ ਬਹੁਤ ਸਾਰੇ ਪਰੈਸ਼ਰ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਅਤੇ ਟੀਚਰ ਉਨ੍ਹਾਂ ਦੇ ਬੋਝ ਵਿਚ ਵਾਧਾ ਨਹੀਂ ਕਰਨਾ ਚਾਹੁੰਦੇ।

ਟੀਚਰ ਯਕੀਨ ਕਰਦੇ ਹਨ ਕਿ ਇਹ ਟੈੱਸਟ ਕਲਾਸ ਦਾ ਕੀਮਤੀ ਸਮਾਂ ਖੋਂਹਦੇ ਹਨ। ਮਹਾਂਮਾਰੀ ਵਲੋਂ ਕਲਾਸ ਵਿਚਲੀ ਪੜ੍ਹਾਈ ਵਿਚ ਵਿਘਨ ਪਾਉਣ ਅਤੇ ਸਾਡੇ ਵਿਦਿਆਰਥੀਆਂ ਦੀਆਂ ਜ਼ਿੰਦਗੀਆਂ ਵਿਚ ਬਦਲਾਅ ਕਰਨ ਤੋਂ ਬਾਅਦ, ਹੁਣ ਸਮਾਂ ਕਮਿਉਨਟੀ ਉਸਾਰਨ ਦਾ ਹੈ ਅਤੇ ਕਲਾਸ ਵਿਚ ਮਦਦ ਕਰਨ ਵਾਲਾ ਮਾਹੌਲ ਪੈਦਾ ਕਰਨ ਦਾ ਹੈ।

ਐੱਫ ਐੱਸ ਏ ਟੈੱਸਟ ਤੁਹਾਡੇ ਬੱਚਿਆਂ ਦੇ ਨੰਬਰਾਂ ਵਿਚ ਨਹੀਂ ਗਿਣੇ ਜਾਂਦੇ ਅਤੇ ਉਹ ਵਿਦਿਆਰਥੀਆਂ ਦੀ ਸਿੱਖਣ ਵਿਚ ਜਾਂ ਟੀਚਰਾਂ ਦੀ ਪੜ੍ਹਾਉਣ ਵਿਚ ਮਦਦ ਨਹੀਂ ਕਰਦੇ। ਟੀਚਰ ਇਹ ਯਕੀਨ ਨਹੀਂ ਕਰਦੇ ਕਿ ਐੱਫ ਐੱਸ ਏ ਕਿਸੇ ਵਿਦਿਆਰਥੀ ਦੀ ਤਰੱਕੀ ਦਾ ਪਤਾ ਲਾਉਣ ਲਈ ਕੋਈ ਭਰੋਸੇਯੋਗ ਤਰੀਕਾ ਹੈ। ਖੋਜ ਇਹ ਦਿਖਾਉਂਦੀ ਹੈ ਕਿ ਵੱਡੇ ਪੱਧਰ ’ਤੇ ਅਸੈੱਸਮੈਂਟ ਪੜ੍ਹਾਈ ਦੇ ਸਿਸਟਮ ਅਤੇ ਇਸ ਦੇ ਪ੍ਰੋਗਰਾਮਾਂ ਦਾ ਵੱਡੇ ਪੱਧਰ ’ਤੇ ਮੁਲਾਂਕਣ ਕਰਨ ਲਈ ਸਭ ਤੋਂ ਜ਼ਿਆਦਾ ਫਾਇਦੇਮੰਦ ਹੈ।

ਟੀਚਰ ਇਨ੍ਹਾਂ ਟੈੱਸਟਾਂ ਦੇ ਡੈਟੇ ਦੀ ਦੁਰਵਰਤੋਂ ਬਾਰੇ ਫਿਕਰਮੰਦ ਹਨ। ਐੱਸ ਐੱਸ ਏ ਦੇ ਡੈਟੇ ਦਾ ਨਤੀਜਾ ਬਹੁਤ ਘੱਟ ਸਾਡੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਿਆਦਾ ਫੰਡਾਂ ਅਤੇ ਵਸੀਲਿਆਂ ਵਿਚ ਨਿਕਲਦਾ ਹੈ। ਪਰ, ਫਰੇਜ਼ਰ ਇੰਸਟੀਚਿਊਟ ਨੇ ਡੈਟੇ ਦੀ ਵਰਤੋਂ ਨਾਵਾਜਬ ਅਤੇ ਗਲਤ ਤੌਰ ’ਤੇ ਸਕੂਲਾਂ ਨੂੰ ਦਰਜਾ ਦੇਣ ਲਈ ਕੀਤੀ ਹੈ।

ਸਾਡਾ ਯਕੀਨ ਹੈ ਕਿ ਜਿਹੜੇ ਮਾਪੇ ਇਹ ਕਹਿਣ ਲਈ ਜਾਣਕਾਰੀ ਲੈ ਕੇ ਫੈਸਲਾ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਟੈੱਸਟ ਨਾ ਲਿਖਣ, ਉਨ੍ਹਾਂ ਦੀਆਂ ਇੱਛਾਵਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।

ਤੁਹਾਡੇ ਬੱਚਿਆਂ ਦੀ ਤਰੱਕੀ ਬਾਰੇ ਜਾਣਕਾਰੀ ਦਾ ਸਭ ਤੋਂ ਬਿਹਤਰ ਵਸੀਲਾ ਉਸ ਦੀ ਕਲਾਸ ਦੇ ਟੀਚਰ ਹਨ। ਆਪਣੇ ਸਵਾਲਾਂ ਜਾਂ ਫਿਕਰਾਂ ਬਾਰੇ ਕਿਸੇ ਵੀ ਵੇਲੇ ਗੱਲ ਕਰਨ ਲਈ ਮੌਕੇ ਦਾ ਫਾਇਦਾ ਲਉ। ਤੁਹਾਡੇ ਬੱਚਿਆਂ ਦੇ ਟੀਚਰਾਂ ਨੂੰ ਮਦਦ ਕਰਕੇ ਖੁਸ਼ੀ ਹੋਵੇਗੀ।

ਟੇਰੀ ਮੂਰਿੰਗ, ਪ੍ਰੈਜ਼ੀਡੈਂਟ

**ਕਿਰਪਾ ਕਰਕੇ ਅੱਗੇ ਲਿਖੇ ਨੂੰ ਪਾੜੋ ਅਤੇ ਇਸ ਪੱਤਰ ਦੀ ਵਰਤੋਂ ਇਹ ਕਹਿਣ ਲਈ ਕਰੋ ਕਿ ਤੁਹਾਡੇ ਗਰੇਡ 4 ਜਾਂ 7 ਦੇ ਬੱਚੇ ਨੂੰ 2021 ਵਿਚ ਹੋਣ ਵਾਲੇ ਐੱਫ ਐੱਸ ਏ ਟੈੱਸਟਾਂ ਤੋਂ ਬਾਹਰ ਰੱਖਿਆ ਜਾਵੇ।**

---

ਪਿਆਰੇ ਪ੍ਰਿੰਸੀਪਲ,

ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਛੋਟਾਂ ਦੇ ਸਬੰਧ ਵਿਚ ਮਨਿਸਟਰੀ ਔਫ ਐਜੂਕੇਸ਼ਨ ਦੀਆਂ ਗਾਈਡਲਾਈਨਾਂ ਦੇ ਮੁਤਾਬਕ, ਪ੍ਰਬੰਧਕ ਕਿਸੇ ਵਿਦਿਆਰਥੀ ਨੂੰ ਪਰਿਵਾਰਕ ਐਮਰਜੰਸੀ, ਲੰਬੀ ਬੀਮਾਰੀ, ਜਾਂ ਹੋਰ ਵਾਜਬ ਹਾਲਤਾਂ ਕਰਕੇ ਛੋਟ ਦੇ ਸਕਦੇ ਹਨ।

ਕਿਰਪਾ ਕਰਕੇ ਮੇਰੇ ਬੱਚੇ ______________________________ ਨੂੰ, ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਟੈੱਸਟਾਂ ਤੋਂ ਛੋਟ ਦਿੱਤੀ ਜਾਵੇ।

ਮੇਰੀ ਬੇਨਤੀ ਦਾ ਆਦਰ ਕਰਨ ਲਈ ਤੁਹਾਡਾ ਧੰਨਵਾਦ।

______________________________

ਮਾਪੇ/ਗਾਰਡੀਅਨ ਦੇ ਦਸਖਤ